# ਅਕਾਲ ਪੁਰਖੁ ਦਾ ਕਦੋਂ ਨਾਮੁ ਜਪਣਾ ਚਾਹੀਦਾ ਹੈ ਜਾਂ ਕਿਸ ਵੇਲੇ ਉਸ ਦੇ ਗੁਣ ਗਾਇਨ ਕਰਨੇ ਚਾਹੀਦੇ ਹਨ (ਨਾਮੁ, ਭਾਗ ੪)

# What is the appropriate time for Naam Japna or remembering the qualities of Akal Purkh (Naam, Part 4)

- ਸਿੱਖ ਧਰਮ ਅਨੁਸਾਰ ਅਕਾਲ ਪੁਰਖੁ ਦਾ ਨਾਮੁ ਕੋਈ ਦੁਨਿਆਵੀ ਨਾਂ ਦੀ ਤਰ੍ਹਾਂ ਨਹੀਂ ਹੈ, ਜਿਸ ਲਈ ਕੋਈ ਮਿਥੇ ਗਏ ਅੱਖਰ ਜਾਂ ਸਬਦ ਦਾ ਰਟਨ ਕਰਦੇ ਰਹਿੰਣਾਂ ਹੈ, ਸਿੱਖ ਧਰਮ ਅਨੁਸਾਰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਹੀ ਨਾਮੁ ਕਹਿ ਸਕਦੇ ਹਾਂ।
- ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਪੜ੍ਹ ਕੇ, ਸਮਝ ਕੇ ਤੇ ਵੀਚਾਰ ਕੇ ਅਕਾਲ ਪੁਰਖੁ ਦੇ ਗੁਣਾਂ ਨੂੰ ਸਮਝਣਾ ਪਵੇਗਾ ਤੇ ਆਪਣੇ ਜੀਵਨ ਵਿਚ ਅਪਨਾਉਣਾ ਪਵੇਗਾ।
- ਗੁਰੂ ਗਰੰਥ ਸਾਹਿਬ ਵਿਚ ਨਾਮੁ / ਨਾਮ (Naam) ਦਾ ਲਫਜ਼ ੪੦੦੦ ਤੋਂ ਵੱਧ ਵਾਰੀ ਆਇਆ ਹੈ, ਪਰੰਤੂ ਇਹ ਕਿਤੇ ਵੀ ਨਹੀਂ ਕਿਹਾ ਗਿਆ ਹੈ ਕਿ ਨਾਮੁ ਦਾ ਅਰਥ "ਵਾਹਿਗੁਰੂ" ਲਫਜ਼ ਨੂੰ ਵਾਰ ਵਾਰ ਦੁਹਰਾਈ ਜਾਂਣਾ ਹੈ।
- ਜੇਕਰ ਕਿਸੇ ਵੀ ਗੁਰੂ ਸਾਹਿਬ ਨੇ ਗੁਰੂ ਗਰੰਥ ਸਾਹਿਬ ਵਿਚ "ਵਾਹਿਗੁਰੂ" ਲਫਜ਼ ਦੀ ਵਰਤੋਂ ਨਾਮੁ ਲਈ ਨਹੀਂ ਕੀਤੀ ਹੈ, ਤਾਂ ਅਸੀਂ ਬਾਣੀ ਨੂੰ ਬਦਲਣ ਵਾਲੇ ਜਾਂ ਬਾਣੀ ਵਿਚ ਆਪਣੀ ਮੱਤ ਅਨੁਸਾਰ ਤਬਦੀਲੀ ਕਰਨ ਵਾਲੇ ਕੌਣ ਹੁੰਦੇ ਹਾਂ?
- ਗੁਰੂ ਸਾਹਿਬ ਨੇ ਤਾਂ ਗੁਰਬਾਣੀ ਵਿਚ ਗੁਰਸਿਖ ਨੂੰ ਤਾਂ ਸਵਾਸ ਸਵਾਸ ਭਾਵ, ਉਠਦਿਆਂ ਬਹਿੰਦਿਆਂ, ਸੁੱਤਿਆਂ, ਜਾਗਦਿਆਂ ਹਰ ਵੇਲੇ ਆਪਣੇ ਮਨ ਵਿਚ ਅਕਾਲ ਪੁਰਖੁ ਨੂੰ ਯਾਦ ਕਰਨ ਕਈ ਸਿਖਿਆ ਦਿਤੀ ਹੈ।
- ਜੇਕਰ ਗੁਰਬਾਣੀ ਤੇ ਸਾਇੰਸ ਦੀ ਸਿਖਿਆਵਾਂ ਅਨੁਸਾਰ ਵੀਚਾਰੀਏ ਤਾਂ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ, ਕਿ ਕਿਸੇ ਵੀ ਤਰ੍ਹਾਂ ਦੇ ਕਾਰਜ ਕਰਦੇ ਸਮੇਂ ਕੋਈ ਰਟਨ ਤਾਂ ਨਹੀਂ ਕੀਤਾ ਜਾ ਸਕਦਾ, ਪਰੰਤੂ ਸਬਦ ਗੁਰੂ ਦੀ ਸਹਾਇਤਾ ਨਾਲ ਕੁਦਰਤ ਬਾਰੇ ਸੋਚਿਆ, ਸਮਝਿਆ, ਵਿਚਾਰਿਆ ਤੇ ਉਸ ਦੇ ਹੁਕਮੁ ਅਨੁਸਾਰ ਚਲਿਆ ਜਰੂਰ ਜਾ ਸਕਦਾ ਹੈ।
- ਅਕਾਲ ਪੁਰਖੁ ਦਾ ਨਾਮੁ ਹੀ ਧਰਮ ਦੀ ਅਜੇਹੀ ਪਉੜੀ ਹੈ, ਜਿਸ ਦੀ ਸਹਾਇਤਾ ਨਾਲ ਮਨੁੱਖ ਅਕਾਲ ਪੁਰਖੁ ਦੇ ਚਰਨਾਂ ਵਿਚ ਪਹੁੰਚ ਸਕਦਾ ਹੈ।

ਜਿਹੜੇ ਪ੍ਰਾਣੀ ਸਤਿਗੁਰ ਦੀ ਸੱਚੀ ਸਿੱਖਿਆ ਨੂੰ ਗੁਰਬਾਣੀ ਦੁਆਰਾ ਗ੍ਰਹਿਣ ਕਰ ਲੈਂਦੇ ਹਨ, ਉਹ ਸੱਚੇ ਤੇ ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

For details please download the articles from the following website:

http://www.geocities.ws/sarbjitsingh/Bani2510GurMagPart04D20150306.pdf

http://www.geocities.ws/sarbjitsingh/

http://www.geocities.ws/sarbjitsingh/GurbaniIndexGurmukhi.htm

http://www.geocities.ws/sarbjitsingh/GurbaniIndexEnglish.htm